# ASEAN-India Ministerial Meeting

September 12, 2020

---

## ਆਸੀਆਨ-ਭਾਰਤ ਮੰਤਰੀਮੰਡਲ ਪੱਧਰੀ ਬੈਠਕ

12 ਸਤੰਬਰ, 2020

1. ਭਾਰਤ ਦੇ ਵਿਦੇਸ਼ ਮੰਤਰੀ (EAM) ਮਹਾਮਹਿਮ ਡਾ. ਐਸ. ਜੈਸ਼ੰਕਰ ਨੇ 12 ਸਤੰਬਰ, 2020 ਨੂੰ ਥਾਈਲੈਂਡ ਰਾਜ ਦੇ ਉਪ-ਪ੍ਰਧਾਨ ਮੰਤਰੀ ਅਤੇ ਵਿਦੇਸ਼ ਮੰਤਰੀ ਮਹਾਮਹਿਮ ਡੌਨ ਪ੍ਰਮੁਦਵਿਨੈ ਨਾਲ ਆਸੀਆਨ-ਭਾਰਤ ਮੰਤਰੀਮੰਡਲ ਪੱਧਰੀ ਬੈਠਕ ਦੀ ਸਹਿ-ਪ੍ਰਧਾਨਗੀ ਕੀਤੀ। ਇਹ ਬੈਠਕ ਵਰਚੁਅਲ ਮਾਧਿਅਮ ਰਾਹੀਂ ਹੋਈ, ਜਿਸ ਵਿਚ ਆਸੀਆਨ ਦੇ ਦਸ ਮੈਂਬਰ ਦੇਸ਼ਾਂ ਅਤੇ ਭਾਰਤ ਦੇ ਵਿਦੇਸ਼ ਮੰਤਰੀਆਂ ਨੇ ਭਾਗ ਲਿਆ।

2. ਇਸ ਬੈਠਕ ਵਿਚ ਸਮੁੰਦਰੀ ਸਹਿਯੋਗ, ਸੰਪਰਕ, ਸਿੱਖਿਆ ਅਤੇ ਸਮਰੱਥਾ ਨਿਰਮਾਣ ਅਤੇ ਲੋਕਾਂ ਦੇ ਪੱਧਰ 'ਤੇ ਸੰਪਰਕ ਸਮੇਤ ਕਈ ਖੇਤਰਾਂ ਵਿਚ ਆਸੀਆਨ-ਭਾਰਤ ਰਣਨੀਤਕ ਭਾਈਵਾਲੀ ਦੀ ਸਥਿਤੀ ਦੀ ਸਮੀਖਿਆ ਹੋਈ। ਬੈਠਕ ਵਿਚ ਆਸੀਆਨ-ਭਾਰਤ ਕਾਰਜ ਯੋਜਨਾ (2016-2020) ਨੂੰ ਲਾਗੂ ਕਰਨ ਵਿੱਚ ਹੋਈ ਤਰੱਕੀ ਦੀ ਸਮੀਖਿਆ ਕੀਤੀ ਗਈ। ਬੈਠਕ ਵਿਚ ਆਉਂਦੇ 17ਵੇਂ ਆਸੀਆਨ-ਭਾਰਤ ਸੰਮੇਲਨ ਦੀਆਂ ਤਿਆਰੀਆਂ ਅਤੇ ਨਵੰਬਰ, 2019 ਵਿੱਚ ਬੈਂਕਾਕ ਅੰਦਰ ਹੋਏ 16ਵੇਂ ਆਸੀਅਨ-ਭਾਰਤ ਸੰਮੇਲਨ ਅਤੇ ਪਿਛਲੇ ਸੰਮੇਲਨ ਵਿਚ ਆਸੀਅਨ ਮੈਂਬਰ ਦੇਸ਼ਾਂ (AMS) ਅਤੇ ਭਾਰਤ ਦੇ ਆਗੂਆਂ ਵੱਲੋਂ ਲਏ ਗਏ ਅਹਿਮ ਫੈਸਲਿਆਂ ਨੂੰ ਲਾਗੂ ਕਰਨ ਬਾਰੇ ਹੋਈ ਤਰੱਕੀ ਦੀ ਸਮੀਖਿਆ ਕੀਤੀ ਗਈ।

3. ਇਸ ਬੈਠਕ ਵਿਚ ਨਵੀਂ ਆਸੀਆਨ-ਭਾਰਤ ਕਾਰਜ ਯੋਜਨਾ (2021-2025) ਨੂੰ ਅੰਗੀਕਾਰ ਕੀਤਾ ਗਿਆ। ਮੰਤਰੀਆਂ ਨੇ COVID -19 ਮਹਾਂਮਾਰੀ ਨਾਲ ਨਜਿੱਠਣ ਲਈ ਭਾਈਵਾਲੀ ਨੂੰ ਮਜ਼ਬੂਤ ਕਰਨ ਦੇ ਤਰੀਕਿਆਂ ਬਾਰੇ ਗੱਲਬਾਤ ਕੀਤੀ ਅਤੇ ਮਹੱਤਵਪੂਰਨ ਖੇਤਰੀ ਅਤੇ ਕੌਮਾਂਤਰੀ ਘਟਨਾਵਾਂ ਬਾਰੇ ਵਿਚਾਰ ਵਟਾਂਦਰੇ ਕੀਤੇ।

ਨਵੀਂ ਦਿੱਲੀ
12 ਸਤੰਬਰ, 2020

DISCLAIMER: This is an approximate translation. The original is available in English on MEA's website and may be referred to as the official press release.